# ਪਰਜਾ-ਰਾਜ ਹੀ ਮੁਕਤੀ ਦਾ ਰਾਹ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਧਾਨ ਮੰਤ੍ਰੀ, ਰਾਸ਼ਟਰਪਤੀ ਅਤੇ ਹੋਰ ਵੱਡੇ ਲੀਡਰਾਂ ਤੇ ਅਫਸਰਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਵਰ੍ਹੇਗੰਢ ਦੇ ਮੌਕੇ ਤੇ ਬੜੀਆਂ ਧੂੰਆਂਧਾਰ ਤਕਰੀਰਾਂ ਕੀਤੀਆਂ। ਲਾਲ ਕਿਲ੍ਹੇ ਤੋਂ ਬੋਲਦਿਆਂ ਹਿੰਦ ਦੇ ਵਜ਼ੀਰੇ-ਆਜ਼ਮ ਮਨਮੋਹਨ ਸਿੰਘ ਨੇ ਬੜੇ ਜੋਸ਼ ਨਾਲ ਕਿਹਾ ਕਿ ਅਸੀਂ ਪਿਛਲੇ ਕੁਝ ਸਾਲਾਂ ਵਿਚ ਬਹੁਤ ਤਰੱਕੀ ਕੀਤੀ ਹੈ, ਹਰ ਸਾਲ 8 ਫੀ ਸਦੀ ਦੇ ਹਿਸਾਬ ਨਾਲ ਪੈਦਾਵਾਰ ਵੱਧ ਰਹੀ ਹੈ, ਅਤੇ ਹਿੰਦੁਸਤਾਨ ਦੁਨੀਆ ਦੀ ਇਕ ਵੱਡੀ ਆਰਥਕ ਤਾਕਤ ਦੇ ਤੌਰ ਤੇ ਉੱਭਰ ਰਿਹਾ ਹੈ। ਪਰ ਉਹਨੂੰ ਵੀ ਇਹ ਗੱਲ ਜ਼ਰੂਰ ਮੰਨਣੀ ਪਈ ਕਿ ਇਸ ਤਰੱਕੀ ਦਾ ਫ਼ਾਇਦਾ ਹਿੰਦੁਸਤਾਨ ਦੇ ਆਮ ਲੋਕਾਂ ਨੂੰ ਨਹੀਂ ਹੋਇਆ। ਉਹਨੇ ਕਿਹਾ ਕਿ ਉਹਨੂੰ ਇਹ ਅਹਿਸਾਸ ਹੈ ਕਿ ਦਿਹਾਤੀ ਇਲਾਕਿਆਂ ਦੇ ਲੋਕਾਂ ਦਾ ਇਸ ਵੱਧ ਰਹੀ ਪੈਦਾਵਾਰ ਅਤੇ ਤਰੱਕੀ ਨੇ ਕੋਈ ਫਾਇਦਾ ਨਹੀਂ ਕੀਤਾ ਅਤੇ ਉਹ ਇਸ ਤਰੱਕੀ ਦੀਆਂ ਬਖਸ਼ਿਸ਼ਾਂ ਤੋਂ ਮਹਿਰੂਮ ਹੀ ਰਹਿ ਗਏ ਹਨ। ਪਰ ਆਪਣੇ ਮੋਢੇ ਤੇ ਥਾਪੀ ਦੇਂਦਿਆਂ ਮਨਮੋਹਨ ਸਿੰਘ ਨੇ ਕਿਹਾ ਕਿ ਉਸ ਦੀ ਸਰਕਾਰ ਨੇ ਦਿਹਾਤੀ ਇਲਾਕਿਆਂ ਵਿਚ ਲੋਕਾਂ ਦੇ ਭਲੇ ਲਏ ਹੁਣ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ ਤੇ ਗਰੀਬੀ ਬਹੁਤਾ ਚਿਰ ਨਹੀਂ ਰਹਿਣੀ। ਇਕ ਹੋਰ ਸਰਕਾਰੀ ਮਾਹਿਰ ਨੇ ਵੀ ਆਪਣੇ ਬਿਆਨ ਵਿਚ ਕਿਹਾ ਹੈ ਕਿ ਆਰਥਕ ਸੁਧਾਰਾਂ ਨਾਲ ਵੱਧ ਰਹੀ ਪੈਦਾਵਾਰ ਦਾ ਮੁਲਕ ਦੀ 70% ਵਸੋਂ ਨੂੰ ਹਾਲੇ ਕੋਈ ਫਾਇਦਾ ਨਹੀਂ ਹੋਇਆ ਹੈ।

ਹਿੰਦੁਸਤਾਨ ਦੇ ਲੀਡਰ ਲੋਕ ਪਿਛਲੇ ਤਕਰੀਬਨ 60 ਸਾਲਾਂ ਦੇ ਅਰਸੇ ਤੋਂ ਆਜ਼ਾਦੀ ਅਤੇ ਗਣਤੰਤਰ ਦਿਵਸ ਦੇ ਮੌਕਿਆਂ ਤੇ ਹਰ ਸਾਲ ਲਾਲ ਕਿਲੇ ਤੋਂ ਇਹੋ ਜਿਹੀਆਂ ਤਕਰੀਰਾਂ ਕਰਦੇ ਆਏ ਹਨ। ਹੁਣ ਮਨਮੋਹਨ ਸਿੰਘ ਵੀ ਆਪਣੇ ਤੋਂ ਪਹਿਲੇ ਸਰਕਾਰੀ ਲੀਡਰਾਂ ਵਾਂਗ ਹੀ ਲੋਕ ਭਲਾਈ ਕਰਨ ਦੀਆਂ ਸਕੀਮਾਂ ਬਣਾਉਣ ਤੇ ਲਾਗੂ ਕਰਨ ਦੀਆਂ ਟਾਹਰਾਂ ਮਾਰ ਰਿਹਾ ਹੈ। ਨਹਿਰੂ ਮਾਰਕਾ ਸੋਸ਼ਲਿਜ਼ਮ, ਇੰਦਰਾ ਮਾਰਕਾ ਗਰੀਬੀ ਹਟਾਓ, ਬਾਜਪਾਈ ਮਾਰਕਾ ਲਿਸ਼ਕਦਾ ਹਿੰਦੁਸਤਾਨ, ਅਤੇ ਹੁਣ ਮਨਮੋਹਨ ਸਿੰਘ ਮਾਰਕਾ ਮੁਸਕਰਾਉਂਦੇ ਅਤੇ ਡਿਵੈਲਪਮੈਂਟ ਕਰ ਰਹੇ ਹਿੰਦੁਸਤਾਨ ਦੀ ਅਸਲੀਅਤ ਨੂੰ ਜਾਣਦੇ ਤਾਂ ਸਾਰੇ ਹਨ ਪਰ ਫੇਰ ਵੀ ਹਕੀਕਤ ਉਤੇ ਪਰਦਾ ਪਾਉਣ ਦੀ ਅਸਫ਼ਲ ਕੋਸ਼ਿਸ਼ ਵਿਚ ਫੋਕੇ ਨਾਅਰੇ ਅਤੇ ਝੂਠੀਆਂ ਤਕਰੀਰਾਂ ਕੀਤੀਆਂ ਹੀ ਜਾਂਦੀਆਂ ਰਹੀਆਂ ਹਨ ਤੇ ਕੀਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਇਨ੍ਹਾਂ ਤਕਰੀਰਾਂ ਅਤੇ ਨਾਅਰਿਆਂ ਨੇ ਪਿਛਲੇ ਸੱਠ ਸਾਲਾਂ ਵਿਚ ਕੁਝ ਨਹੀਂ ਦਿੱਤਾ। ਤਕਰੀਰਾਂ ਕਰਨ ਵਾਲੇ ਬਦਲ ਜਾਂਦੇ ਹਨ ਪਰ ਲੋਕਾਂ ਦੇ ਹਾਲਾਤ ਨਹੀਂ ਬਦਲਦੇ। ਲੋਕਾਂ ਦੇ ਮਸਲੇ ਸੱਠ ਸਾਲਾਂ ਤੋਂ ਵੱਧਦੇ ਹੀ ਆਏ ਹਨ ਅਤੇ ਜਿੰਨਾਂ ਚਿਰ ਤਾਕਤ ਲੋਕਾਂ ਦੇ ਹੱਥ ਨਹੀਂ ਆਉਂਦੀ ਵਧਦੇ ਹੀ ਜਾਣੇ ਹਨ।

ਹਾਕਮ ਟੋਲੇ ਤੇ ਇਨ੍ਹਾਂ ਦੇ ਆਗੂਆਂ ਦੀਆਂ ਸਾਰੀਆਂ ਦਲੀਲਾਂ ਇਸ ਬੁਨਿਆਦੀ ਹਕੀਕਤ ਉਤੇ ਪਰਦਾ ਪਾਉਣ ਨੂੰ ਹੀ ਹੁੰਦੀਆਂ ਹਨ ਕਿ ਅੱਜ ਦੇ ਸਮਾਜ ਵਿਚ ਪੈਦਾਵਾਰ ਦਾ ਮੰਤਵ ਲੋਕਾਂ ਦੀਆਂ ਲੋੜਾਂ ਪੂਰਾ ਕਰਨਾ ਨਹੀਂ ਬਲਕਿ ਹਾਕਮ ਟੋਲੇ ਦੇ ਮੁਨਾਫਿਆਂ ਨੂੰ ਵਧਾਉਣਾ ਹੈ। ਇਸ ਕਰਕੇ ਪੈਦਾਵਾਰ ਭਾਂਵੇ ਜਿਨੀਂ ਮਰਜ਼ੀ ਵੱਧੀ ਜਾਵੇ ਆਮ ਸ਼ਹਿਰੀ ਨੂੰ ਇਸਦਾ ਕੋਈ ਫਾਇਦਾ ਨਹੀਂ ਹੁੰਦਾ। ਕਿਰਤੀਆਂ ਦੀ ਮਿਹਨਤ ਸਦਕਾ ਪੈਦਾ ਕੀਤੀ ਹੋਈ ਦੌਲਤ ਕੁੱਝ ਮੁੱਠੀ ਭਰ ਅਮੀਰ ਘਰਾਣਿਆਂ ਦੇ ਹੱਥਾਂ ਵਿਚ ਚਲੀ ਜਾਂਦੀ ਹੈ। ਦੌਲਤ ਪੈਦਾ ਕਰਨ ਵਾਲੇ ਨੂੰ ਭੁੱਖ ਲੱਭਦੀ ਹੈ ਅਤੇ ਦੌਲਤ ਹੜੱਪ ਜਾਣ ਵਾਲੇ ਮੌਜਾਂ ਮਾਣਦੇ ਹਨ। ਜ਼ਰ ਅਤੇ ਜ਼ੋਰ ਵਾਲਿਆਂ ਨੇ ਸਰਕਾਰ ਅਤੇ ਰਾਜਤੰਤ੍ਰ ਦੇ ਡੰਡੇ ਦੇ ਜ਼ੋਰ ਪੈਦਾਵਾਰ ਦੇ ਰਿਸ਼ਤੇ ਇਸ ਤਰਾਂ ਨਾਲ ਕਾਇਮ ਕੀਤੇ ਹਨ ਕਿ ਆਮ ਸ਼ਹਿਰੀ ਨੂੰ ਰੋਟੀ ਲਈ ਜ਼ਰ ਤੇ ਜ਼ੋਰ ਵਾਲਿਆਂ ਦੀ ਚਾਕਰੀ ਕਰਨੀ ਪੈਂਦੀ ਹੈ। ਪੈਸੇ ਵਾਲੇ ਉਸ ਨੂੰ ਘੱਟ ਤੇ ਘੱਟ ਤਨਖ਼ਾਹ ਤੇ ਨੌਕਰ ਰਖਦੇ ਹਨ। ਇਹ ਨੌਕਰ ਪੈਦਾਵਾਰ ਭਾਵੇਂ ਜਿੰਨੀਂ ਮਰਜ਼ੀ ਕਿਉਂ ਨਾ ਵਧਾ ਦੇਣ, ਉਨ੍ਹਾਂ ਨੂੰ ਉਹੋ ਤਨਖ਼ਾਹ ਹੀ ਮਿਲਦੀ ਹੈ। ਦੂਜੇ ਪਾਸੇ ਆਮ ਬੰਦੇ ਦੇ ਵਰਤਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਨੂੰ ਇਹ ਹਰ ਸਾਲ ਉਤਾਂਹ ਚੁਕਦੇ ਰਹਿੰਦੇ ਹਨ ਜਿਹਦਾ ਕੁਲ ਅਸਰ ਇਹ ਹੈ ਕਿ ਆਮ ਬੰਦੇ ਦੀ ਖ਼ਰੀਦ ਸ਼ਕਤੀ ਹਰ ਸਾਲ ਘਟਦੀ ਜਾਂਦੀ ਹੈ। ਅੱਜ ਦੁਨੀਆਂ ਦੇ ਬਹੁਗਿਣਤੀ ਮੁਲਕਾਂ ਵਿਚ ਇਹੋ ਅਮਲ ਚਲ ਰਿਹਾ ਹੈ। ਮਿਸਾਲ ਦੇ ਤੌਰ ਤੇ, ਅਮਰੀਕਾ ਵਿਚ ਬਹੁਤ ਜ਼ਿਆਦਾ ਦੌਲਤ ਪੈਦਾ ਹੋਣ ਦੇ ਬਾਵਜੂਦ ਵੀ ਕਰੋੜਾਂ ਹੀ ਲੋਕਾਂ ਕੋਲ ਆਪਣੀ ਬਿਮਾਰੀ ਦੇ ਇਲਾਜ ਦਾ ਕੋਈ ਵਸੀਲਾ ਨਹੀਂ ਹੈ ਅਤੇ ਪੈਦਾਵਾਰ ਕਈ ਗੁਣਾ ਵੱਧਣ ਦੇ ਬਾਵਜੂਦ ਵੀ ਆਮ ਲੋਕਾਂ ਦੀਆਂ ਤਨਖਾਵਾਂ ਵਿਚ ਕੋਈ ਖ਼ਾਸ ਵਾਧਾ ਨਹੀਂ ਹੋਇਆ ਹੈ ਤੇ ਉਨ੍ਹਾਂ ਦੀ ਹਾਲਾਤ ਮਾੜੀ ਹੀ ਹੋਈ ਹੈ।

60 ਸਾਲ ਪਹਿਲਾਂ ਜਦੋਂ ਲੋਕਾਂ ਦੀ ਜਦੋਜਹਿਦ ਤੋਂ ਮਜਬੂਰ ਹੋ ਕੇ ਅੰਗ੍ਰੇਜ਼ ਨੂੰ ਹਿੰਦੁਸਤਾਨ ਛੱਡਣਾ ਪਿਆ ਤਾਂ ਜਾਂਦਾ ਜਾਂਦਾ ਤਾਕਤ ਆਪਣੇ ਝੋਲੀਚੁਕਾਂ ਦੇ ਹੱਥ ਦੇ ਗਿਆ। ਇਸ ਝੋਲੀਚੁਕ ਲਾਣੇ ਨੂੰ ਅੰਗਰੇਜ਼ਾਂ ਨੇ ਆਪ ਹੀ ਪੈਦਾ ਕੀਤਾ ਤੇ ਪਾਲਿਆ ਸੀ ਤੇ ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਅੰਗਰੇਜ਼ਾਂ ਦੇ ਜਾਣ ਬਾਅਦ ਵੀ ਅੰਗਰੇਜ਼ ਬਸਤੀਵਾਦ ਦੇ ਹਿੰਦ ਵਿਚਲੇ ਹਿਤਾਂ ਨੂੰ ਇਹ ਕਦੇ ਨੁਕਸਾਨ ਨਹੀਂ ਕਰਨਗੇ। ਇਨ੍ਹਾਂ ਝੋਲੀਚੁਕਾਂ ਨੇ ਆਪਣੇ ਅਤੇ ਆਪਣੇ ਬਸਤੀਵਾਦ ਜੋਟੀਦਾਰਾਂ ਦੇ ਮੁਫ਼ਾਦ ਨੂੰ ਮਹਿਫੂਜ਼ ਰੱਖਣ ਲਈ ਪੁਰਾਣਾ ਬਸਤੀਵਾਦੀ ਰਾਜਤੰਤ੍ਰ ਅਤੇ ਬੁਨਿਆਦੀ ਢਾਂਚਾ ਬਰਕਰਾਰ ਰੱਖਿਆ। ਬਸਤੀਵਾਦੀ ਰਾਜਤੰਤ੍ਰ ਦੇ ਦੋ ਮੰਤਵ ਸੀ- ਹਿੰਦ ਦੀ ਲੁੱਟ ਕਰਨੀ ਅਤੇ ਇਸ ਮੰਤਵ ਲਈ ਹਿੰਦ ਦੇ ਲੋਕਾਂ ਨੂੰ ਦਹਿਸ਼ਤਜ਼ਦਾ ਕਰਕੇ ਰੱਖਣਾ। ਅੰਗ੍ਰੇਜ਼ ਬਸਤੀਵਾਦ ਦੇ ਝੋਲੀਚੁੱਕਾਂ ਨੇ ਅੰਗਰੇਜ਼ ਦੀ ਮੱਦਦ ਨਾਲ ਹਿੰਦੁਸਤਾਨ ਦੇ ਲੋਕਾਂ ਦੀ ਤਾਕਤ ਹੜੱਪ ਕੇ ਆਪਣੇ ਹੱਥ ਵਿਚ ਲੈ ਲਈ ਤੇ ਲੁੱਟ ਅਤੇ ਦਹਿਸ਼ਤ ਹੋਰ ਵੀ ਵਧਾਈ। ਇਹ ਬਸਤੀਵਾਦੀ ਢਾਂਚਾ ਦੇਸੀ ਹਾਕਮ ਜਮਾਤਾਂ ਦੇ ਵੀ ਬੜਾ ਰਾਸ

ਆਇਆ ਹੈ ਕਿਉਂਕਿ ਹਿੰਦ ਦੇ ਲੋਕਾਂ ਦੀ ਲੁਟ ਕਰਨ ਤੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰੀ ਰੱਖਣ ਦਾ ਕੰਮ ਇਹਦੇ ਨਾਲ ਅਸਾਨੀ ਨਾਲ ਹੋਈ ਜਾ ਰਿਹਾ ਹੈ। ਇਸ ਕਰਕੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਆਮ ਲੋਕਾਂ ਦੇ ਹਾਲਾਤ ਬਦ ਤੋਂ ਬਦਤਰੀਨ ਹੁੰਦੇ ਜਾ ਰਹੇ ਹਨ। ਇਸ ਵਿਚ ਵੀ ਸ਼ੱਕ ਨਹੀਂ ਕਿ ਲੋਕਾਂ ਨੇ ਆਪਣੀ ਮਿਹਨਤ ਅਤੇ ਕੁਦਰਤ ਦੇ ਸੋਮਿਆਂ ਨਾਲ ਪੈਦਾਵਾਰ ਬਹੁਤ ਵਧਾਈ ਹੈ ਪਰ ਇਸ ਵੱਧ ਰਹੀ ਪੈਦਾਵਾਰ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਦਾ ਅਤੇ ਵੱਧ ਰਹੀ ਪੈਦਾਵਾਰ ਦੇ ਬਾਵਜੂਦ ਹਜ਼ਾਰਾਂ ਕਿਸਾਨ ਹਰ ਸਾਲ ਖ਼ੁਦਕਸ਼ੀ ਕਰ ਰਹੇ ਹਨ। ਮਨਮੋਹਨ ਸਿੰਘ ਜਾਂ ਉਸਦੇ ਵਰਗੇ ਹੋਰ ਲੀਡਰ ਹਰ ਸਾਲ ਲਾਲ ਕਿਲ੍ਹੇ ਤੋਂ ਤਕਰੀਰਾਂ ਅਤੇ ਬਿਆਨਬਾਜ਼ੀ ਕਰਕੇ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਸਰਕਾਰ ਲੋਕਾਂ ਲਈ ਬਹੁਤ ਕੁਝ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਪਰਨਾਲਾ ਉਥੇ ਹੀ ਰਹਿੰਦਾ ਹੈ। ਲੋਕਾਂ ਦੀ ਮਿਹਨਤ ਤੇ ਕੁਦਰਤ ਦੇ ਖ਼ਜ਼ਾਨਿਆਂ ਸਦਕਾ ਵਧਦੀ ਪੈਦਾਵਾਰ ਅਤੇ ਦੌਲਤ ਨੂੰ ਹੜੱਪ ਜਾਣ ਵਾਲਾ ਲੋਟੂ ਟੋਲਾ ਰਾਜਤੰਤ੍ਰ ਨੂੰ ਵਰਤ ਕੇ ਉਹੀ ਕਨੂੰਨ ਬਣਾਉਂਦਾ ਹਨ ਜੋ ਇਨ੍ਹਾਂ ਨੂੰ ਸੂਤ ਬੈਠਦਾ ਹੈ। ਕਾਨੂੰਨ, ਰਾਜਤੰਤ੍ਰ, ਸਿਆਸੀ ਪਾਰਟੀਆਂ ਅਤੇ ਸੰਵਿਧਾਨ ਵਗੈਰਾ ਜ਼ਰ ਅਤੇ ਜ਼ੋਰ ਵਾਲਿਆਂ ਦਾ ਹੀ ਪੱਖ ਪੂਰਦੇ ਹਨ। ਇਨ੍ਹਾਂ ਸਾਰਿਆਂ ਅਦਾਰਿਆਂ ਨੂੰ ਵਰਤ ਕੇ ਹਾਕਮ ਜਮਾਤਾਂ ਨੇ ਲੋਕਾਂ ਅਤੇ ਕੁਦਰਤ ਦੇ ਸਾਧਨਾਂ ਨੂੰ ਆਪਣੇ ਹੱਥਾਂ ਵਿਚ ਕਰ ਲਿਆ ਹੈ ਤੇ ਲੋਕਾਂ ਕੋਲ ਕੁਝ ਨਹੀਂ ਛੱਡਿਆ। ਜ਼ਮੀਨਾਂ ਅਤੇ ਫੈਕਟਰੀਆਂ ਪੈਸੇ ਦੇ ਜ਼ੋਰ ਵਾਲਿਆਂ ਦੇ ਹੱਥਾਂ ਵਿਚ ਹਨ। ਨਰਮਦਾ ਘਾਟੀ ਦੀ ਮਿਸਾਲ ਲਈਏ ਤਾਂ ਸਰਕਾਰ ਅਤੇ ਰਾਜਤੰਤ੍ਰ ਨੇ ਉਥੋਂ ਦੀ ਵਸੋਂ ਨੂੰ ਬੇਘਰ ਕਰ ਦਿਤਾ ਹੈ ਤੇ ਲੋਕਾਂ ਦੇ ਸਾਧਨ ਤਕੜਿਆਂ ਦੇ ਹੱਥ ਫੜਾ ਦਿਤੇ ਹਨ । ਸਰਕਾਰ ਦੀ ਦਲੀਲ ਹੈ ਕਿ ਇਸ ਨਾਲ ਪੈਦਾਵਾਰ ਬਹੁਤ ਵਧੇਗੀ ਅਤੇ ਡਿਵੈਲਪਮੈਂਟ ਹੋਵੇਗੀ।

ਪਿਛਲੇ ਛੇ ਦਹਾਕਿਆਂ ਦਾ ਤਜਰਬਾ ਦਸਦਾ ਹੈ ਕਿ ਹਿੰਦੁਸਤਾਨ ਦਾ ਰਾਜਤੰਤ੍ਰ, ਆਰਥਕ ਢਾਂਚਾ ਅਤੇ ਸਿਆਸੀ ਪ੍ਰਣਾਲੀ ਹਾਕਮ ਟੋਲੇ ਦੇ ਹੱਥ ਵਿਚ ਜਬਰ ਦਾ ਹਥਿਆਰ ਜੋ ਲੋਕਾਂ ਦੀ ਲੁਟ ਕਰਨ ਲਈ ਵਰਤਿਆ ਜਾ ਰਿਹਾ ਹੈ। ਹਿੰਦੁਸਤਾਨ ਦਾ ਹਾਕਮ ਟੋਲਾ ਪਿਛਲੇ ਛੇ ਦਹਾਕਿਆਂ ਤੋਂ ਬਸਤੀਵਾਦੀ ਰਾਜਤੰਤ੍ਰ ਨੂੰ ਹੀ ਚਲਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਤੰਤ੍ਰ ਨੂੰ ਅਮਰੀਕਨ ਸਾਮਰਾਜ ਦੀ ਰੰਗਤ ਵਿਚ ਰੰਗਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿਉਂਕਿ ਹਾਕਮ ਟੋਲਾ ਇਹ ਸਮਝਦਾ ਹੈ ਕਿ ਅਮਰੀਕਾ ਨਾਲ ਰਲ ਮਿਲ ਕੇ ਉਨ੍ਹਾਂ ਦੇ ਮੁਨਾਫੇ ਵੱਧ ਸਕਦੇ ਹਨ। ਇਨਫਰਮੇਸ਼ਨ ਟੈਕਨੌਲੀਜੀ ਦਾ ਖੇਤਰ ਵੀ ਸਿੱਧੇ ਤੌਰ ਤੇ ਅਮਰੀਕਨ ਕੰਪਨੀਆਂ ਨਾਲ ਜੁੜਿਆ ਹੋਇਆ ਹੈ ਇਸ ਲਈ ਬਸਤੀਵਾਦੀ ਰਾਜਤੰਤ੍ਰ ਅਤੇ ਸਿਆਸੀ ਪ੍ਰਣਾਲੀ ਨੂੰ ਥੋੜਾ ਜਿਹਾ ਅਮਰੀਕਨ ਰੰਗ ਚਾੜ੍ਹਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਸ ਦਾ ਬਸਤੀਵਾਦੀ ਖਾਸਾ - ਲੁੱਟ ਅਤੇ ਦਹਿਸ਼ਤ ਦਾ ਰਾਜ- ਉਸੇ ਤਰਾਂ ਹੀ ਕਾਇਮ ਦਾਇਮ ਹੈ। ਹਾਕਮ ਟੋਲੇ ਨੂੰ ਹੁਣ ਲਾਇਸੈਂਸ-ਰਾਜ ਦੀ ਲੋੜ ਨਹੀਂ ਰਹੀ ਇਸ ਕਰਕੇ ਉਹ ਹੁਣ ਖੁੱਲੇ ਵਿਉਪਾਰ ਅਤੇ ਲਿਬਰਲਾਈਜ਼ੇਸ਼ਨ ਤੇ ਦੂਜੀ ਪੀੜ੍ਹੀ ਦੇ ਸੁਧਾਰਾਂ ਦੀ ਗੱਲ ਕਰ ਰਹੇ ਹਨ। ਪਰ ਇਹ ਸਾਰਾ ਕੁਝ ਲੋਕਾਂ ਦੇ ਹੱਕਾਂ ਤੇ ਛਾਪੇ ਮਾਰਨ ਲਈ ਹੈ, ਉਨ੍ਹਾਂ ਦੀ ਛਿੱਲ ਲਾਹੁਣ ਲਈ ਹੈ।

ਪੈਦਾਵਾਰ ਵੱਧਣ ਨਾਲ ਲੋਕਾਂ ਦੀ ਖੁਸ਼ਹਾਲੀ ਤਾਂ ਹੀ ਹੋ ਸਕਦੀ ਹੈ ਜੇ ਕੁਦਰਤੀ ਵਸੀਲਿਆਂ ਅਤੇ ਆਪਣੀ ਮਿਹਨਤ ਬਾਰੇ ਫੈਸਲੇ ਕਰਨਾ ਲੋਕਾਂ ਦੇ ਹੱਥ ਹੋਵੇ ਅਤੇ ਪੈਦਾਵਾਰ ਦਾ ਮੰਤਵ ਲੋਕਾਂ ਦੀਆਂ ਵੱਧ ਰਹੀਆਂ ਲੋੜਾਂ ਨੂੰ ਪੂਰਾ ਕਰਨਾ ਹੋਵੇ ਹਾਕਮ ਟੋਲੇ ਦੇ ਮੁਨਾਫੇ ਵਧਾਉਣਾ ਨਹੀਂ। ਪੈਦਾਵਾਰ ਬਾਰੇ ਫੈਸਲੇ ਲੋਕ ਆਪਣੇ ਹੱਥ ਵਿਚ ਆਪਣੀ ਏਕਤਾ ਅਤੇ ਸਿਆਸੀ ਲਹਿਰ ਨਾਲ ਹੀ ਲੈ ਸਕਦੇ ਹਨ। ਹਾਕਮ ਟੋਲੇ ਦੇ ਰਾਜਤੰਤ੍ਰ, ਸਰਕਾਰਾਂ ਅਤੇ ਸਿਆਸੀ ਪਾਰਟੀਆਂ ਇਸ ਕੰਮ ਵਿਚ ਉਨ੍ਹਾਂ ਦੀਆਂ ਮੁਖ਼ਾਲਫ ਹਨ। ਇਸ ਲਈ ਲੋਕਾਂ ਨੂੰ ਆਪਣੀ ਤਾਕਤ ਅਤੇ ਏਕਤਾ ਨਾਲ ਇਹ ਕੰਮ ਕਰਨਾ ਪਵੇਗਾ। ਇਹ ਅੱਜ ਤਾਰੀਖੀ ਲੋੜ ਹੈ। ਅੱਜ ਦਾ ਸਾਰਿਆਂ ਨਾਲੋਂ ਜ਼ਿਆਦਾ ਫੈਸਲਾਕੁੰਨ ਮਸਲਾ ਇਹ ਹੈ ਕਿ ਸਿਆਸੀ ਤਾਕਤ ਕਿਸਦੇ ਹੱਥ ਵਿਚ ਹੈ? ਸਿਆਸੀ ਤਾਕਤ ਆਪਣੇ ਹੱਥ ਵਿਚ ਲਏ ਬਗੈਰ ਲੋਕ ਆਪਣੇ ਮਸਲੇ ਹੱਲ ਨਹੀਂ ਕਰ ਸਕਦੇ ਹਨ। ਜਿਨਾਂ ਚਿਰ ਲੋਕ ਸਿਆਸੀ ਤਾਕਤ ਆਪਣੇ ਹੱਥ ਲੈ ਕੇ ਆਪਣਾ ਰਾਜਤੰਤ -ਪਰਜਾ ਦਾ ਰਾਜ- ਕਾਇਮ ਨਹੀਂ ਕਰਦੇ ਉਨ੍ਹਾਂ ਚਿਰ ਮਨਮੋਹਨ ਸਿੰਘ ਵਰਗੇ ਲੀਡਰ ਲੋਕਾਂ ਨੂੰ ਇਕ ਵੋਟਾਂ ਪਾਉਣ ਵਾਲਾ ਇਜੜ ਹੀ ਸਮਝਦੇ ਰਹਿਣਗੇ, ਹਰ ਸਾਲ ਲਾਲ ਕਿਲ੍ਹੇ ਤੋਂ ਇਹੋ ਜਿਹੀਆਂ ਤਕਰੀਰਾਂ ਕਰਦੇ ਰਹਿਣਗੇ ਅਤੇ ਹਾਕਮ ਟੋਲਾ ਬਸਤੀਵਾਦੀ ਰਾਜਤੰਤ੍ਰ ਨੂੰ ਆਪਣੇ ਫਾਇਦੇ ਲਈ ਵਰਤਦਾ ਰਹੇਗਾ। ਇਸ ਬਸਤੀਵਾਦੀ ਰਾਜਤੰਤ੍ਰ ਨੂੰ ਖ਼ਤਮ ਕਰਕੇ ਪਰਜਾਰਾਜ ਅਤੇ ਇਕ ਨਵੀਂ ਸਿਆਸੀ ਪ੍ਰਣਾਲੀ ਕਾਇਮ ਕਰਨਾ ਸਮੇਂ ਦੀ ਲੋੜ ਹੈ। ਇਸ ਤੋਂ ਬਗੈਰ ਲੁੱਟ ਖਸੁੱਟ, ਗੁਰਬਤ ਅਤੇ ਜਹਾਲਤ ਤੋਂ ਖਹਿੜਾ ਨਹੀਂ ਛੁੱਟ ਸਕਦਾ।